ਸਵ' ।੨੫

ਪ੍ਰਬੰਧਕ ਅਫਸਰ (ਲਾਈਸੈਂਸਿੰਗ)
ਸੀਨੀਅਰ ਨਗਰ ਯੋਜਨਾਕਾਰ,
ਗਮਾਡਾ, ਐਸ.ਏ.ਐਸ.ਨਗਰ।

ਵਿਸ਼ਾ:- ਮੈਸ: Nature Health Farms Private Limited ਵੱਲੋ ਪਿੰਡ ਮਾਣਕਪੁਰ ਸਰੀਫ ਤਹਿਸੀਲ ਖਰੜ, ਜਿਲਾ ਐਸ.ਏ.ਐਸ. ਨਗਰ ਵਿਖੇ 48.28125 ਏਕੜ ਰਕਬੇ ਵਿੱਚ ਰਿਹਾਇਸ਼ੀ ਕਲੋਨੀ ਸਥਾਪਿਤ ਕਰਨ ਲਈ ਪਾਪਰਾ ਐਕਟ 1995 ਅਧੀਨ ਲਾਇਸੈਂਸ ਲੈਣ ਬਾਰੇ।

ਹਵਾਲਾ:- ਆਪ ਜੀ ਦੇ ਦਫਤਰ ਦਾ ਪੱਤਰ ਨੰ: ਐਸ ਟੀ ਪੀ/ਅ-2/2017/5253 ਮਿਤੀ 30.11.2017 ਅਤੇ ਨੰ: 2485 ਮਿਤੀ 24.08.2018

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਂਹੀ "ਮੈਸ: Nature Health Farms Private Limited ਵੱਲੋ ਪਿੰਡ ਮਾਣਕਪੁਰ ਸਰੀਫ ਤਹਿਸੀਲ ਖਰੜ, ਜਿਲਾ ਐਸ.ਏ.ਐਸ. ਨਗਰ ਵਿਖੇ 48.28125 ਏਕੜ ਰਕਬੇ ਵਿੱਚ ਰਿਹਾਇਸ਼ੀ ਕਲੋਨੀ ਸਥਾਪਿਤ ਕਰਨ ਲਈ ਪਾਪਰਾ ਐਕਟ 1995 ਅਧੀਨ ਲਾਇਸੈਂਸ ਲੈਣ ਬਾਰੇ" ਇਤਰਾਜਹੀਣਤਾ ਸਰਟੀਫਿਕੇਟ ਲੈਣ ਸਬੰਧੀ ਦਰਖਾਸਤ ਪ੍ਰਾਪਤ ਹੋਈ ਹੈ। ਇਸ ਸਬੰਧੀ ਇਤਰਾਜਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸਰਤਾਂ ਤਹਿਤ ਜਾਰੀ ਕੀਤਾ ਜਾਂਦਾ ਹੈ:-

1. ਜੇਕਰ ਹੇਠ ਲਿਖੀਆਂ ਸਰਤਾਂ ਦੀ ਕੰਪਨੀ/ਬਿਲਡਰ ਵੱਲੋ ਪਾਲਣਾ ਨਹੀ ਕੀਤੀ ਜਾਂਦੀ ਤਾਂ ਨਾਰਦਰਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਤਹਿਤ ਕੰਪਨੀ/ਬਿਲਡਰ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ।

2. ਸਿਆਲਬਾ ਮਾਜਰੀ ਦੇ ਕੈਚਮੈਂਟ ਏਰੀਏ ਦੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਬੈਡ 52 ਫੁੱਟ, ਐਨ.ਐਸ.ਐਲ. ਤੋ ਡੈਪਥ 3.0 ਫੁੱਟ ਅਤੇ ਸਾਈਡ ਸਲੋਪ 1:1 ਅਨੁਸਾਰ ਸੈਕਸਨ ਤਜਵੀਜ ਕੀਤਾ ਜਾਂਦਾ ਹੈ ਇਸ ਤੋ ਇਲਾਵਾ 38 ਫੁੱਟ ਬਤੌਰ ਗਰੀਨ ਬੈਲਟ ਰੱਖਣਾ ਅਤੇ ਕੁੱਲ ਲੈਂਡ ਵਿਡਥ 96 ਫੁੱਟ ਤਜਵੀਜ ਕੀਤਾ ਜਾਂਦਾ ਹੈ। ਇਸ ਦਾ ਕੰਮ ਇਸ ਦਫਤਰ ਦੇ ਸਬੰਧਤ ਕਾਰਜਕਾਰੀ ਇੰਜੀਨੀਅਰ ਅਤੇ ਉਪ ਮੰਡਲ ਅਫਸਰ ਦੀ ਨਿਗਰਾਨੀ ਹੇਠ ਕਰਵਾਇਆ ਜਾਵੇ।

3. ਤਜਵੀਜਤ ਕੰਮ ਕਰਵਾਉਣ ਸਮੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਜੇਕਰ ਢੁੱਕਵੀਆਂ ਥਾਵਾਂ ਉਪਰ ਪੁੱਲੀਆਂ ਜਾਂ ਕਿਸੇ ਹੋਰ ਸਟਰਕਚਰ ਦੀ ਉਸਾਰੀ ਕਰਨ ਦੀ ਲੋੜ ਪੈਂਦੀ ਹੈ ਤਾਂ ਉਸ ਦਾ ਡਿਜਾਇਨ ਇਸ ਵਿਭਾਗ ਤੋ ਵੈਟ ਕਰਵਾਉਣ ਉਪਰੰਤ ਸਬੰਧਤ ਕੰਪਨੀ/ਬਿਲਡਰ ਆਪਣੇ ਖਰਚੇ ਤੇ ਉਸਾਰੀ ਕਰਨ ਦਾ ਪਾਬੰਦ ਹੋਵੇਗਾ।

4. ਤਜਵੀਜਤ ਕੰਮ ਦੇ ਅੰਦਰੂਨੀ ਬਰਸਾਤੀ ਪਾਣੀ ਦੀ ਨਿਕਾਸੀ ਲਈ ਕੰਪਨੀ/ਬਿਲਡਰ ਆਪਣੇ ਪੱਧਰ ਤੇ ਢੁੱਕਵੇ ਪ੍ਰਬੰਧ ਕਰਨ ਦਾ ਪਾਬੰਦ ਹੋਵੇਗਾ।

5. ਜੇਕਰ ਕੁਦਰਤੀ ਵਹਾਓ ਵਿਚ ਕੋਈ ਉਸਾਰੀ ਜਾਂ ਰੁਕਾਵਟ ਖੜੀ ਕੀਤੀ ਗਈ ਉਸ ਨੂੰ ਦੂਰ/ਰਿਮੂਵ ਕਰਵਾਉਣ ਤੇ ਆਉਣ ਵਾਲਾ ਸਾਰਾ ਖਰਚਾ ਸਬੰਧਤ ਕੰਪਨੀ/ਬਿਲਡਰ ਕਰੇਗਾ।

6. ਤਜਵੀਜਤ ਰਿਹਾਇਸੀ ਕਲੋਨੀ ਦੇ ਸਥਾਪਿਤ ਹੋਣ ਨਾਲ ਬਰਸਾਤੀ ਪਾਣੀ ਦੇ ਸ਼ੀਟ ਫਲੋਅ ਵਿਚ ਆਉਣ ਵਾਲੀ ਰੁਕਾਵਟ ਦੂਰ ਕਰਨ ਲਈ ਬਰਸਾਤੀ ਪਾਣੀ ਦੀ ਨਿਕਾਸੀ ਅਤੇ ਸੀਵਰੇਜ ਦੇ ਯੋਗ ਪ੍ਰਬੰਧ ਸਬੰਧਤ ਕੰਪਨੀ/ਬਿਲਡਰ ਵੱਲੋ ਕੀਤੇ ਜਾਣ ਅਤੇ ਸਿਆਲਬਾ ਨਦੀ ਵਿੱਚ ਕਿਸੇ ਵੀ ਕਿਸਮ ਦਾ ਅਣ-ਟਰੀਟਿਡ ਪਾਣੀ ਨਾ ਸੁੱਟਿਆ ਜਾਵੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਬਰਸਾਤੀ ਪਾਣੀ ਦੇ ਵਹਾਅ ਵਿਚ ਆਉਣ ਵਾਲੀ ਰੁਕਾਵਟ ਕਾਰਨ ਇਲਾਕਾ ਨਿਵਾਸੀਆਂ ਦੇ ਹੋਣ ਵਾਲੇ ਸੰਭਾਵੀ ਨੁਕਸਾਨ ਦੀ ਨਿਰੋਲ ਜਿੰਮੇਵਾਰੀ ਸਬੰਧਤ ਕੰਪਨੀ/ਬਿਲਡਰ ਦੀ ਹੋਵੇਗੀ।

7. ਮੈਸ: Nature Health Farms Private Limited ਵੱਲੋ ਪਿੰਡ ਮਾਣਕਪੁਰ ਸਰੀਫ ਤਹਿਸੀਲ ਖਰੜ, ਜਿਲਾ ਐਸ.ਏ. ਐਸ. ਨਗਰ ਵਿਖੇ 48.28125 ਏਕੜ ਰਕਬੇ ਵਿੱਚ ਰਿਹਾਇਸੀ ਕਲੋਨੀ ਸਥਾਪਿਤ ਕਰਨ ਦੇ ਪ੍ਰਵਾਨ ਨਕਸੇ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਸਬੰਧੀ ਲੋੜੀਂਦੇ ਪਲਾਨ ਇਸ ਦਫਤਰ ਨੂੰ ਯੋਗ ਕਾਰਵਾਈ ਲਈ ਭੇਜੇ ਜਾਣ।

8. ਤਕਨੀਕੀ ਸਲਾਹਕਾਰ ਟੂ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵਲੋ ਮੀਮੋ ਨੰ: ATPB/74/IRRI/GEN dt. 6.11.2012 ਰਾਹੀ ਜਾਰੀ ਹਦਾਇਤਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਵੇ ਜੀ।

26/11/18

ਨਿਗਰਾਨ ਇੰਜੀਨੀਅਰ,
ਜਲ ਨਿਕਾਸ ਸਰਕਲ,
ਪਟਿਆਲਾ।

ਸੀ.ਸੀ.:- ਕਾਰਜਕਾਰੀ ਇੰਜੀਨੀਅਰ, ਜਲ ਪ੍ਰਬੰਧ ਖੋਜ ਮੰਡਲ, ਰੋਪੜ੍ਹ ਨੂੰ ਮੁੱਖ ਇੰਜੀਨੀਅਰ/ਜਲ ਨਿਕਾਸ ਜੀ ਵੱਲੋ ਗਠਿਤ ਕੀਤੀ ਕਮੇਟੀ ਦੀ ਰਿਪੋਰਟ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਸੇ ਸਬੰਧੀ ਕਮੇਟੀ ਵੱਲੋ ਰਿਪੋਰਟ ਵਿੱਚ ਕੀਤੀ ਗਈ ਸਿਫਾਰਸ ਦੇ ਮੱਦੇ ਨਜਰ ਸਿਆਲਬਾ ਮਾਜਰੀ ਚੋਅ ਦਾ ਸੈਕਸਨ ਸਬੰਧਤ ਏਜੰਸੀ/ਬਿਲਡਰ ਤੋ ਰਖਵਾਇਆ ਜਾਵੇ ਅਤੇ ਕਮੇਟੀ ਵੱਲੋ ਦਿੱਤੀ ਗਈ ਰਿਪੋਰਟ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

DRAWING BRANCH\Drawing Br.misc/255-W STARTING TO 1-9-2010